# ਪਟਵਾਰੀਆਂ ਦੀ ਭਰਤੀ ਸਬੰਧੀ : ਕਾਉਸਲਿੰਗ ਨੋਟਿਸ

ਨੰ: ਲ-2/1090/ 10214 ਮਿਤੀ 22-06-2022

ਇਸ ਦਫਤਰ ਦੇ ਪੱਤਰ ਨੰ: ਲ-2/1090/672, ਮਿਤੀ 09-06-2022 ਦੀ ਲਗਾਤਾਰਤਾ ਦੇ ਸਬੰਧ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸ਼ਤਿਹਾਰ ਨੰ: 01/2021 ਅਧੀਨ ਮਾਲ ਪਟਵਾਰੀ ਦੀਆਂ 1090 ਅਸਾਮੀਆਂ ਵਿਚੋਂ 974 ਉਮੀਦਵਾਰਾਂ ਦੀ ਸੂਚੀ ਪ੍ਰਾਪਤ ਹੋਈ ਸੀ, ਜਿਨ੍ਹਾਂ ਦੀ ਮਿਤੀ 07-06-2022, 08-06-2022, 09-06-2022 ਅਤੇ 15-06-2022 ਨੂੰ ਕਾਉਸਲਿੰਗ ਕੀਤੀ ਗਈ ਸੀ। ਹੁਣ ਸਰਕਾਰ ਵਲੋਂ 21 ਹੋਰ ਉਮੀਦਵਾਰਾਂ ਦੀ ਸੂਚੀ ਭੇਜੀ ਗਈ ਹੈ। 21 ਹੋਰ ਯੋਗ ਉਮੀਦਵਾਰਾਂ ਦੀ ਸੂਚੀ ਵਿਭਾਗ ਦੀ ਵੈਬ-ਸਾਈਟ ਤੇ ਪਾਈ ਗਈ ਹੈ। ਇਨ੍ਹਾਂ ਉਮੀਦਵਾਰਾਂ ਦੇ ਜ਼ਿਲੇ ਦੀ ਵੰਡ/ਅਲਾਟਮੈਂਟ ਹੇਠ ਲਿਖੇ ਸ਼ਡਿਊਲ ਅਨੁਸਾਰ ਇਸ ਦਫਤਰ ਵਿਖੇ ਕੀਤੀ ਜਾਵੇਗੀ।

ਇਸਦੇ ਨਾਲ ਹੀ ਮਿਤੀ 07-06-2022, 08-06-2022, 09-06-2022 ਅਤੇ ਮਿਤੀ 15-06-2022 ਨੂੰ 974 ਮਾਲ ਪਟਵਾਰੀਆਂ ਦੀਆਂ ਆਸਾਮੀਆਂ ਲਈ ਚੁਣੇ ਗਏ ਯੋਗ ਉਮੀਦਵਾਰਾਂ ਵਿਚੋਂ ਗੈਰ-ਹਾਜ਼ਰ ਰਹੇ 141 ਉਮੀਦਵਾਰਾਂ ਦੀ ਸੂਚੀ ਵੀ ਵਿਭਾਗ ਦੀ ਵੈਬ-ਸਾਈਟ ਤੇ ਪਾਈ ਗਈ ਹੈ। ਇਨ੍ਹਾਂ ਉਮੀਦਵਾਰਾਂ ਨੂੰ ਵੀ ਇੱਕ ਹੋਰ ਮੌਕਾ ਦਿੰਦੇ ਹੋਏ ਜ਼ਿਲੇ ਦੀ ਵੰਡ/ਅਲਾਟਮੈਂਟ ਹੇਠ ਲਿਖੇ ਸ਼ਡਿਊਲ ਅਨੁਸਾਰ ਇਸ ਦਫਤਰ ਡਾਇਰੈਕਟਰ ਭੌਂ ਰਿਕਾਰਡ, ਪੰਜਾਬ, ਕਪੂਰਥਲਾ ਰੋਡ, ਜਲੰਧਰ ਵਿਖੇ ਕੀਤੀ ਜਾਵੇਗੀ:-

| ਮਿਤੀ | ਕੈਟਾਗਿਰੀ | |
|---|---|---|
| 30-06-2022<br>ਸਮਾਂ:-ਸਵੇਰੇ 10:00 ਵਜੇ ਤੋਂ **ਦੁਪਹਿਰ 12:00 ਵਜੇ ਤੱਕ** | ਔਰਤ ਅਤੇ ਮਰਦ ਉਮੀਦਵਾਰ ਸਮੂਹ ਕੈਟਾਗਿਰੀਆਂ ਨਾਲ ਸਬੰਧਤ। | 21 ਹੋਰ ਯੋਗ ਉਮੀਦਵਾਰਾਂ ਦੀ ਸੂਚੀ ਅਨੁਸਾਰ। |
| 30-06-2022<br>ਸਮਾਂ: **ਦੁਪਹਿਰ 01:00 ਵਜੇ ਤੋਂ 5:00 ਵਜੇ ਤੱਕ** | ਔਰਤ ਅਤੇ ਮਰਦ ਉਮੀਦਵਾਰ ਸਮੂਹ ਕੈਟਾਗਿਰੀਆਂ ਨਾਲ ਸਬੰਧਤ। | 141 ਪਹਿਲਾ ਗੈਰ-ਹਾਜ਼ਰ ਰਹੇ ਯੋਗ ਉਮੀਦਵਾਰਾਂ ਦੀ ਸੂਚੀ ਅਨੁਸਾਰ। |

ਨੋਟ:
1. ਵਿਭਾਗ ਦੀ ਵੈਬ-ਸਾਈਟ www.plrs.org.in ਅਤੇ www.revenue.punjab.gov.in ਵਾਚੀ ਜਾਵੇ।
2. ਉਪਰੋਕਤ ਅਨੁਸਾਰ ਬੁਲਾਏ ਗਏ ਯੋਗ ਉਮੀਦਵਾਰ ਆਪਣੀਆਂ ਗੱਡੀਆਂ ਸਪੋਰਟਸ ਕਾਲਜ, ਕਪੂਰਥਲਾ ਰੋਡ, ਜਲੰਧਰ ਵਿਖੇ ਪਾਰਕਿੰਗ ਵਿਚ ਲਗਾ ਕੇ ਸਪੋਰਟਸ ਸਕੂਲ, ਜਲੰਧਰ ਰਾਹੀਂ ਦਫਤਰ ਵਿਖੇ ਦਾਖਲ ਹੋਣਗੇ।
3. ਦਫਤਰ ਵਿਖੇ ਕੇਵਲ ਯੋਗ ਉਮੀਦਵਾਰ ਨੂੰ ਹੀ ਦਾਖਲ ਹੋਣ ਦੀ ਆਗਿਆ ਹੋਵੇਗੀ।
4. ਗੈਰ-ਹਾਜ਼ਰ ਜਾਂ ਸਮੇਂ ਸਿਰ ਨਾ ਪਹੁੰਚਣ ਵਾਲੇ ਉਮੀਦਵਾਰਾਂ ਦੀ ਜਗ੍ਹਾ ਤੇ ਹੋਰ ਯੋਗ ਉਮੀਦਵਾਰ ਨੂੰ ਜ਼ਿਲਾ ਅਲਾਟ ਕਰ ਦਿੱਤਾ ਜਾਵੇਗਾ।
5. ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਮੋਬਾਇਲ ਨੰਬਰ 98554-24683, 81463-88455 ਅਤੇ 87279-00733 ਤੇ ਸੰਪਰਕ ਕੀਤਾ ਜਾ ਸਕਦਾ ਹੈ।

KPT

ਡਾਇਰੈਕਟਰ ਭੌਂ ਰਿਕਾਰਡ, ਪੰਜਾਬ।